ਵਰਲਡ ਪੰਜਾਬੀ ਟਾਈਮਜ਼
WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162



## ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਕੈਲੀਫੋਰਨੀਆ ਦੀ ਤਿੰਨ ਦਿਨਾਂ ਸਿਲਵਰ ਜੁਬਲੀ ਸਾਹਿਤਕ ਕਾਨਫਰੰਸ ਸ਼ੁਰੂ

### ਪਹਿਲੇ ਦਿਨ ਗ਼ਜ਼ਲ ਗਾਇਕ ਸੁਖਦੇਵ ਸਾਹਿਲ, ਪਰਵਿੰਦਰ ਗੁਰੀ ਤੇ ਟੀਨਾ ਮਾਨ ਨੇ ਸਜਾਈ ਗਈ ਸੰਗੀਤਕ ਸ਼ਾਮ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ




ਹੇਵਰਡ, 6 ਅਕਤੂਬਰ : ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਕੈਲੀਫੋਰਨੀਆ ਵੱਲੋਂ ਆਪਣੀ 25ਵੀਂ ਤਿੰਨ ਦਿਨਾਂ ਸਿਲਵਰ ਜੁਬਲੀ ਸਾਲਾਨਾ ਪੰਜਾਬੀ ਸਾਹਿਤਕ ਕਾਨਫਰੰਸ ਦਾ ਆਗਾਜ਼ ਅੱਜ ਸਫਾਈਰ ਬੈਂਕੁਇਟ ਹਾਲ ਹੇਵਰਡ (ਕੈਲੀਫੋਰਨੀਆ) ਵਿਖੇ ਹੋਇਆ। ਇਸ ਕਾਨਫਰੰਸ ਵਿੱਚ ਭਾਰਤ, ਪਾਕਿਸਤਾਨ, ਕੈਨੇਡਾ, ਇੰਗਲੈਂਡ ਅਤੇ ਅਮਰੀਕਾ ਤੋਂ ਵੱਡੀ ਗਿਣਤੀ ਵਿੱਚ ਪੰਜਾਬੀ ਵਿਦਵਾਨ, ਸਾਹਿਤਕਾਰ ਅਤੇ ਪੰਜਾਬੀ ਪ੍ਰੇਮੀਆਂ ਨੇ ਸ਼ਮੂਲੀਅਤ ਕੀਤੀ। ਕਾਨਫਰੰਸ ਦੀ ਸ਼ੁਰੂਆਤ ਪੰਜਾਬੀ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ (ਵਿਪਸਾਅ) ਕੈਲੀਫੋਰਨੀਆ ਦੇ ਰੂਹੇ-ਰਵਾਂ ਅਤੇ ਨਾਮਵਰ ਸ਼ਾਇਰ ਕੁਲਵਿੰਦਰ ਦੇ ਮੋਹ ਭਰੇ ਸ਼ਬਦਾਂ ਨਾਲ ਹੋਈ। ਕੁਲਵਿੰਦਰ ਨੇ ਅਕੈਡਮੀ ਦੀ ਸਥਾਪਨਾ, ਸਰਗਰਮੀਆਂ ਅਤੇ ਪੰਜਾਬੀ ਭਾਸ਼ਾ ਤੇ ਸਾਹਿਤ ਲਈ ਕੀਤੇ ਜਾ ਰਹੇ ਕਾਰਜਾਂ ਬਾਰੇ ਸੰਖੇਪ ਵਿੱਚ ਜਾਣਕਾਰੀ ਦਿੱਤੀ। ਉਨ੍ਹਾਂ ਅਕੈਡਮੀ ਦੇ ਮੁੱਢਲੇ ਮੈਂਬਰ ਮਰਹੂਮ ਗੁਰੂਮੇਲ ਸਿੱਧੂ ਨੂੰ ਯਾਦ ਕੀਤਾ ਅਤੇ ਸੁਖਵਿੰਦਰ ਕੰਬੋਜ ਤੇ ਸੁਰਿੰਦਰ ਸੀਰਤ ਦੀ ਯੋਗਦਾਨ ਦੀ ਪ੍ਰਸੰਸਾ ਕੀਤੀ। ਉਨ੍ਹਾਂ ਨੈਲਸਨ ਮੰਡੇਲਾ ਦੇ ਕਥਨ ਦਾ ਹਵਾਲਾ ਦਿੰਦਿਆਂ ਕਿਹਾ ਕਿ ਸਾਡਾ ਮਕਸਦ ਸਿਰਫ ਦਿਮਾਗ ਦੇ ਹੀ ਰਿਸ਼ਤੇ ਸਗੋਂ ਦਿਲ ਦੇ ਰਿਸ਼ਤੇ ਕਾਇਮ ਕਰਨਾ ਹੈ। ਕੁਲਵਿੰਦਰ ਨੇ ਕਿਹਾ ਕਿ 'ਭਾਸ਼ਾ ਸਿਰਫ ਸ਼ਬਦਾਂ ਦਾ ਸਮੂਹ ਹੀ ਨਹੀਂ ਹੁੰਦੀ, ਇਹ ਸਾਡੀ ਪਹਿਚਾਣ ਹੈ, ਸਾਡਾ ਵਿਰਸਾ ਹੈ, ਸਾਡੀ ਰੂਹ ਦੀ ਖੁਰਾਕ ਹੈ। ਇਸ ਤੋਂ ਬਿਨਾਂ ਅਸੀਂ ਜੀ ਨਹੀਂ ਸਕਦੇ। ਸਾਡੀ ਕੋਸ਼ਿਸ਼ ਹੈ ਕਿ ਪੰਜਾਬੀ ਭਾਸ਼ਾ ਤੇ ਸਾਹਿਤ ਦਾ ਇਹ ਸੰਸਾਰ ਹਮੇਸ਼ਾ ਜਿਉਂਦਾ ਰਹੇ, ਅੱਗੇ ਵੱਧਦਾ ਰਹੇ'। ਵਿਪਸਾਅ ਦੇ ਪ੍ਰਬੰਧਕਾਂ ਨੂੰ ਸਿਲਵਰ ਜੁਬਲੀ ਸਮਾਗਮ ਦੀ ਮੁਬਾਰਕਬਾਦ ਦਿੰਦਿਆਂ ਇਸ ਸੰਸਥਾ ਨੂੰ ਵੱਡਾ ਸਹਿਯੋਗ ਦੇ ਰਹੇ ਉੱਘੇ ਬਿਜ਼ਨਸਮੈਨ ਜਸਬੀਰ ਗਿੱਲ, ਨਾਵਲਕਾਰ ਡਾ. ਗੁਰਪ੍ਰੀਤ ਧੁੱਗਾ ਅਤੇ ਪੰਕਜ ਆਂਸਲ ਨੇ ਅਕੈਡਮੀ ਵੱਲੋਂ ਪੰਜਾਬੀ ਸਾਹਿਤ ਅਤੇ ਪੰਜਾਬੀ ਭਾਸ਼ਾ ਲਈ ਕੀਤੇ ਜਾ ਰਹੇ ਕਾਰਜਾਂ ਅਤੇ ਸਰਗਰਮੀਆਂ ਦੀ ਸ਼ਲਾਘਾ ਕੀਤੀ। ਪ੍ਰਬੰਧਕਾਂ ਵੱਲੋਂ ਅਕੈਡਮੀ ਨੂੰ ਸਪਾਂਸਰ ਕਰਨ ਵਾਲੀਆਂ ਸ਼ਖ਼ਸੀਅਤਾਂ ਸਰਵ ਸ੍ਰੀ ਜਸਬੀਰ ਗਿੱਲ, ਸੁਰਿੰਦਰ ਧਨੋਆ, ਪ੍ਰੋ. ਸੁਖਦੇਵ ਸਿੰਘ, ਬਲਵਿੰਦਰ (ਲਾਲੀ) ਧਨੋਆ, ਐਸ਼ ਕੁਮ ਐਸ਼, ਡਾ. ਗੁਰਪ੍ਰੀਤ ਧੁੱਗਾ, ਪੰਕਜ ਆਂਸਲ, ਸਰਬਜੀਤ ਹੁੰਦਲ, ਬਲਜਿੰਦਰ ਸਵੈਚ, ਸੁਰਿੰਦਰਪਾਲ ਸਿੰਘ ਦਾ ਸਨਮਾਨ ਕੀਤਾ ਗਿਆ।



ਸੰਗੀਤਮਈ ਦਿਲਕਸ਼ ਸ਼ਾਮ ਵਿਚ ਗ਼ਜ਼ਲ ਗਾਇਕ ਸੁਖਦੇਵ ਸਾਹਿਬ, ਪਰਵਿੰਦਰ ਗੁਰੀ ਅਤੇ ਟੀਨਾ ਮਾਨ ਨੇ ਡਾ. ਸੁਰਜੀਤ ਪਾਤਰ, ਸ਼ਿਵ ਕੁਮਾਰ ਬਟਾਲਵੀ, ਜਸਵਿੰਦਰ, ਕੁਲਵਿੰਦਰ, ਰਾਜਵੰਤ ਰਾਜ, ਪ੍ਰੀਤ ਮਨਪ੍ਰੀਤ ਅਤੇ ਹੋਰ ਪੰਜਾਬੀ ਸ਼ਾਇਰਾਂ ਦੇ ਕਲਾਮ ਨੂੰ ਆਪਣੇ ਸੁਰੀਲੇ ਸੁਰਾਂ ਦੀ ਛੋਹ ਨਾਲ ਬਹੁਤ ਖੂਬਸੂਰਤ ਸੰਗੀਤਕ ਮਾਹੌਲ ਸਿਰਜਿਆ। ਸੰਗੀਤਕ ਸ਼ਾਮ ਦਾ ਸੰਚਾਲਨ ਕਰ ਰਹੀ ਸਟੇਜ ਦੀ ਮਲਿਕਾ ਆਸ਼ਾ ਸ਼ਰਮਾ ਵੱਲੋਂ ਖੂਬਸੂਰਤ ਅੰਦਾਜ਼ ਵਿਚ ਪੇਸ਼ ਕੀਤੇ ਸ਼ਿਅਰਾਂ ਨੇ ਇਸ ਮਹਿਫ਼ਿਲ ਨੂੰ ਦਿਲਕਸ਼ ਬਣਾ ਦਿੱਤਾ। ਇਸ ਸੰਗੀਤਕ ਮਹਿਫ਼ਿਲ ਨੂੰ ਨਾਮਵਰ ਕਹਾਣੀਕਾਰ ਡਾ. ਵਰਿਆਮ ਸੰਧੂ, ਡਾ. ਰਾਜੇਸ਼ ਸ਼ਰਮਾ, ਡਾ. ਬਲਦੇਵ ਧਾਲੀਵਾਲ, ਡਾ. ਗੁਰਪਾਲ ਸੰਧੂ, ਡਾ. ਮਨਜਿੰਦਰ ਸਿੰਘ, ਸ਼ਾਇਰ ਦਰਸ਼ਨ ਬੁੱਟਰ, ਜਸਵਿੰਦਰ, ਡਾ. ਜਸਵਿੰਦਰ, ਡਾ. ਧਨਵੰਤ ਕੌਰ, ਡਾ. ਬਲਜੀਤ ਕੌਰ, ਦਵਿੰਦਰ ਗੌਤਮ, ਸੰਤੋਖ ਮਿਨਹਾਸ, ਹਰਜਿੰਦਰ ਕੰਗ, ਸਤੀਸ਼ ਗੁਲਾਟੀ, ਤਾਹਿਰਾ ਸਰਾ, ਲਾਜ ਨੀਲਮ ਸੈਣੀ, ਹਰਪ੍ਰੀਤ ਧੂਤ, ਚਰਨਜੀਤ ਗਿੱਲ, ਅਰਤਿੰਦਰ ਸੰਧੂ, ਲਖਵਿੰਦਰ ਲੱਕੀ, ਕੁਲਵਿੰਦਰ ਖਹਿਰਾ, ਭੁਪਿੰਦਰ ਦੂਲੇ, ਗੁਰਦੇਵ ਚੌਹਾਨ, ਸੁਖਜੀਤ ਸਖੀ, ਅਮਰਜੀਤ ਪੰਨੂ, ਗੁਲਸ਼ਨ ਦਿਆਲ ਅਤੇ ਹੋਰ ਬਹੁਤ ਸਾਰੇ ਲੇਖਕਾਂ ਤੇ ਕਲਾ ਪ੍ਰੇਮੀਆਂ ਨੇ ਰੂਹ ਨਾਲ ਮਾਣਿਆਂ। ਸਮੁੱਚੇ ਪ੍ਰੋਗਰਾਮ ਨੂੰ ਅਕੈਡਮੀ ਦੇ ਜਨਰਲ ਸਕੱਤਰ ਜਗਜੀਤ ਨੌਸ਼ਹਿਰਵੀ ਨੇ ਬਹੁਤ ਹੀ ਸਲੀਕੇ ਨਾਲ ਚਲਾਇਆ।

## 5 ਤੇ 6 ਅਕਤੂਬਰ ਨੂੰ ਕਰਵਾਈ ਸੱਤਵੀਂ ਸੂਬਾਈ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਵਿੱਚ ਦੀਖਿਆ ਭਾਰੀ ਉਤਸ਼ਾਹ– ਤਰਕਸ਼ੀਲ

### ਲੋਕ ਪੱਖੀ ਸਮਾਜਿਕ ਤਬਦੀਲੀ ਲਈ ਤਰਕਸ਼ੀਲ ਸੋਚ ਜ਼ਰੂਰੀ – ਤਰਕਸ਼ੀਲ ਸੁਸਾਇਟੀ

### 8 ਇਕਾਈਆਂ ਅਧਾਰਤ ਜੋਨ ਸੰਗਰੂਰ- ਬਰਨਾਲਾ ਵਿੱਚ ਕੁੱਲ 5244 ਵਿਦਿਆਰਥੀ ਰਜਿਸਟਰਡ ਹੋਏ – ਮਾਸਟਰ ਪਰਮ ਵੇਦ

ਵਰਲਡ ਪੰਜਾਬੀ ਟਾਈਮਜ਼ ਮਾਸਟਰ ਪਰਮਵੇਦ



ਸੰਗਰੂਰ 6 ਅਕਤੂਬਰ : ਵਿਦਿਆਰਥੀਆਂ ਵਿੱਚ ਵਿਗਿਆਨਕ ਚੇਤਨਾ ਵਿਕਸਤ ਕਰਨ ਅਤੇ ਉਨ੍ਹਾਂ ਨੂੰ ਵਹਿਮਾਂ ਭਰਮਾਂ,ਅੰਧ ਵਿਸ਼ਵਾਸਾਂ ਅਤੇ ਸਮਾਜਿਕ ਬੁਰਾਈਆਂ ਤੋਂ ਮੁਕਤ ਕਰਨ ਦੇ ਮਕਸਦ ਵਜੋਂ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਪੰਜਾਬ ਦੇ ਸੈਂਕੜੇ ਸਕੂਲਾਂ ਵਿੱਚ ਗ਼ਦਰੀ ਗੁਲਾਬ ਕੌਰ ਨੂੰ ਸਮਰਪਿਤ ਸੱਤਵੀਂ ਸੂਬਾਈ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ 5 ਤੇ 6ਅਕਤੂਬਰ ਨੂੰ ਕਰਵਾਈ ਗਈ ਜਿਸ ਵਿੱਚ 8 ਇਕਾਈਆਂ ਤੇ ਅਧਾਰਤ ਜੋਨ ਸੰਗਰੂਰ -ਬਰਨਾਲਾ ਦੇ 80 ਪ੍ਰੀਖਿਆ ਕੇਂਦਰਾਂ ਵਿੱਚ ਮਿਡਲ ਪੱਧਰ ਦੇ 2660 ਤੇ ਸੈਕੰਡਰੀ ਪੱਧਰ ਦੇ 2584 ਕੁਲ 5244 ਵਿਦਿਆਰਥੀਆਂ ਨੇ ਰਜਿਸਟਰੇਸ਼ਨ ਕਰਵਾਈ।

ਇਸ ਸੰਬੰਧੀ ਜਾਣਕਾਰੀ ਦਿੰਦਿਆਂ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਜੋਨ ਆਗੂਆਂ ਮਾਸਟਰ ਪਰਮ ਵੇਦ, ਸੀਤਾ ਰਾਮ, ਗੁਰਦੀਪ ਸਿੰਘ ਲਹਿਰਾ,ਸੋਹਣ ਸਿੰਘ ਨੇ ਦੱਸਿਆ ਕਿ ਇਸ ਪ੍ਰੀਖਿਆ ਦੀ ਤਿਆਰੀ ਲਈ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਮਿਡਲ ਅਤੇ ਸੈਕੰਡਰੀ ਗਰੁੱਪਾਂ ਲਈ ਦੋ ਵੱਖ ਵੱਖ ਪੁਸਤਕਾਂ ਤਿਆਰ ਕਰਕੇ ਵਿਦਿਆਰਥੀਆਂ ਨੂੰ ਤਿੰਨ ਮਹੀਨੇ ਪਹਿਲਾਂ ਮੁੱਹਈਆ ਕਰਵਾ ਦਿੱਤੀਆਂ ਗਈਆਂ ਸਨ। ਉਨ੍ਹਾਂ ਦੱਸਿਆ ਕਿ ਇਸ ਪ੍ਰੀਖਿਆ ਦਾ ਨਤੀਜਾ ਬਹੁਤ ਛੇਤੀ ਐਲਾਨਿਆ ਜਾਵੇਗਾ ਅਤੇ ਸੂਬੇ,ਜੋਨ ਅਤੇ ਇਕਾਈ ਪੱਧਰ 'ਤੇ ਮੈਰਿਟ ਵਿਚ ਆਉਣ ਵਾਲੇ ਮਿਡਲ ਅਤੇ ਸੈਕੰਡਰੀ ਗਰੁੱਪ ਦੇ ਵੱਖ ਵੱਖ ਵਿਦਿਆਰਥੀਆਂ ਨੂੰ ਨਕਦ ਇਨਾਮ, ਤਰਕਸ਼ੀਲ ਕਿਤਾਬਾਂ,ਯਾਦਗਾਰੀ ਚਿੰਨ ਅਤੇ ਸਨਮਾਨ ਪੱਤਰ ਦੇ ਕੇ ਸਨਮਾਨਿਤ ਕੀਤਾ ਜਾਵੇਗਾ।



ਇਸ ਮੌਕੇ ਤਰਕਸ਼ੀਲ ਆਗੂਆਂ ਨੇ ਦੱਸਿਆ ਕਿ ਇਸ ਪ੍ਰੀਖਿਆ ਨੂੰ ਸਮੁੱਚੇ ਪੰਜਾਬ ਵਿੱਚ ਪੂਰੇ ਪਾਰਦਰਸ਼ੀ ਅਤੇ ਸੁਚਾਰੂ ਢੰਗ ਨਾਲ ਕਰਵਾਉਣ ਲਈ ਜੋਨਾਂ ਅਤੇ ਇਕਾਈਆਂ ਦੇ ਸੈਂਕੜੇ ਤਰਕਸ਼ੀਲ ਆਗੂਆਂ, ਮੈਂਬਰਾਂ ਅਤੇ ਸਹਿਯੋਗੀ ਸਾਥੀਆਂ ਵੱਲੋਂ ਆਪਣੀ ਜ਼ਿੰਮੇਵਾਰੀ ਬਾਖੂਬੀ ਨਿਭਾਈ ਗਈ।

ਇਸ ਪ੍ਰੀਖਿਆ ਸੰਬੰਧੀ ਵੱਖ ਵੱਖ ਸਕੂਲਾਂ ਦੇ ਮੁਖੀਆਂ, ਅਧਿਆਪਕਾਂ ਅਤੇ ਪ੍ਰਬੰਧਕਾਂ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਮੌਜੂਦਾ ਵਿਗਿਆਨ ਦੇ ਯੁੱਗ ਵਿਚ ਵਿਦਿਆਰਥੀਆਂ ਨੂੰ ਅੰਧਵਿਸ਼ਵਾਸਾਂ, ਵਹਿਮਾਂ ਭਰਮਾਂ, ਧਾਗੇ ਤਵੀਤਾਂ,ਜਨਮ ਟੇਵਿਆਂ, ਨਸ਼ਿਆਂ, ਫਿਰਕਾਪ੍ਰਸਤੀ,ਪਾਖੰਡੀ ਬਾਬਿਆਂ, ਸਾਧਾਂ, ਜੋਤਸ਼ੀਆਂ, ਡੇਰਿਆਂ ਦੇ ਝਾਂਸਿਆਂ ਤੋਂ ਬਚਣ ਅਤੇ ਜਿੰਦਗੀ ਦੀਆਂ ਸਮੱਸਿਆਵਾਂ ਦੇ ਟਾਕਰੇ ਲਈ ਵਿਗਿਆਨਕ ਦ੍ਰਿਸ਼ਟੀਕੋਣ ਅਪਨਾਉਣ ਲਈ ਵਿਦਿਅਕ ਅਦਾਰਿਆਂ ਵਿੱਚ ਸਮੇਂ ਸਮੇਂ ਉਤੇ ਅਜਿਹੀਆਂ ਵਿਗਿਆਨਕ ਚੇਤਨਾ ਪ੍ਰੀਖਿਆਵਾਂ ਬੇਹੱਦ ਜ਼ਰੂਰੀ ਹਨ ਅਤੇ ਤਰਕਸ਼ੀਲ ਸੁਸਾਇਟੀ ਵੱਲੋਂ ਪਿਛਲੇ ਚਾਰ ਦਹਾਕਿਆਂ ਤੋਂ ਲਗਾਤਾਰ ਇਸ ਖੇਤਰ ਵਿਚ ਨਿਭਾਈ ਜਾ ਰਹੀ ਭੂਮਿਕਾ ਬੇਹੱਦ ਸ਼ਲਾਘਾਯੋਗ ਹੈ ਅਤੇ ਮੌਜੂਦਾ ਸਮਿਆਂ ਦੀ ਲੋੜ ਵੀ ਹੈ।

ਸੰਗਰੂਰ ਇਕਾਈ ਸੰਬੰਧੀ ਜਾਣਕਾਰੀ ਦਿੰਦਿਆਂ ਇਕਾਈ ਮੁਖੀ ਸੁਰਿੰਦਰ ਪਾਲ, ਤਰਕਸ਼ੀਲ ਆਗੂ ਕ੍ਰਿਸ਼ਨ ਸਿੰਘ, ਪ੍ਰਗਟ ਸਿੰਘ, ਸੁਖਦੇਵ ਸਿੰਘ ਕਿਸ਼ਨਗੜ੍ਹ,ਇਕਬਾਲ ਕੌਰ ਨੇ ਦੱਸਿਆ 13 ਪ੍ਰੀਖਿਆ ਕੇਂਦਰਾਂ ਵਿੱਚ ਮਿਡਲ ਪੱਧਰ ਦੇ 534 ਤੇ ਸੈਕੰਡਰੀ ਪੱਧਰ ਦੇ 484 ਕੁਲ1021 ਵਿਦਿਆਰਥੀਆਂ ਨੇ ਰਜਿਸਟਰੇਸ਼ਨ ਕਰਵਾਈ।

ਤਰਕਸ਼ੀਲ ਸੁਸਾਇਟੀ ਨੇ ਸੰਬੰਧਿਤ ਸਕੂਲਾਂ ਦੇ ਮੁਖੀਆਂ, ਅਧਿਆਪਕਾਂ,ਪ੍ਰਬੰਧਕਾਂ ਵੱਲੋਂ ਦਿੱਤੇ ਪੂਰਨ ਸਹਿਯੋਗ ਅਤੇ ਵਿਦਿਆਰਥੀਆਂ ਵਲੋਂ ਦਿੱਤੇ ਵੱਡੇ ਹੁੰਗਾਰੇ ਲਈ ਉਨ੍ਹਾਂ ਦਾ ਧੰਨਵਾਦ ਕੀਤਾ ਹੈ।

## ਬਲਾਕ ਪੱਧਰੀ ਖੇਡਾਂ 8 ਤਰੀਕ ਤੋਂ ਸ਼ੁਰੂ

ਵਰਲਡ ਪੰਜਾਬੀ ਟਾਈਮਜ਼ ਧਰਮ ਪ੍ਰਵਾਨਾਂ

ਫਰੀਦਕੋਟ, 6 ਅਕਤੂਬਰ : ਗੱਲਬਾਤ ਦੌਰਾਨ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਬਲਾਕ ਫਰੀਦਕੋਟ -1ਸ੍ਰੀ ਜਗਤਾਰ ਸਿੰਘ ਮਾਨ ਨੇ ਦੱਸਿਆ ਕਿ ਅਸੀਂ ਹਰ ਸਾਲ ਬੱਚਿਆਂ ਦੀਆਂ ਵੱਖ ਵੱਖ ਖੇਡਾਂ ਕਰਵਾਉਂਦੇ ਹਾਂ ਪਹਿਲਾਂ ਸੈਂਟਰ ਪੱਧਰੀ,ਫਿਰ ਬਲਾਕ ਪੱਧਰੀ,ਤੇ ਉਸ ਤੋਂ ਬਾਅਦ ਜ਼ਿਲ੍ਹਾ ਤੇ ਸਟੇਟ ਪੱਧਰੀ ਗੇਮਾਂ ਕਰਵਾਈਆਂ ਜਾਂਦੀਆਂ ਹਨ ਉਸੇ ਹੀ ਤਰ੍ਹਾਂ ਇਸ ਸਾਲ ਵੀ 69 ਵੀਆਂ ਬਲਾਕ ਪੱਧਰੀ ਪ੍ਰਾਇਮਰੀ ਖੇਡਾਂ ਸਮੁੱਚੇ ਬਲਾਕ ਦੇ ਅਧਿਆਪਕਾਂ ਦੁਆਰਾ ਬਲਾਕ ਖੇਡ ਕਮੇਟੀ, ਫਰੀਦਕੋਟ 1 ਦੇ ਦਿਸ਼ਾ ਨਿਰਦੇਸ਼ਾਂ ਅਧੀਨ ਹੋ ਰਹੀਆਂ ਹਨ ਜੋਂ 8 ਅਕਤੂਬਰ 2025 ਤਰੀਕ ਤੋਂ 10 ਅਕਤੂਬਰ 2025 ਤਾਰੀਖ ਤੱਕ ਨਹਿਰੂ ਸਟੇਡੀਅਮ ਫ਼ਰੀਦਕੋਟ ਬਲਾਕ ਖੇਡ ਕਮੇਟੀ ਅਤੇ ਅਧਿਆਪਕ ਸਾਹਿਬਾਨਾਂ ਦੇ ਸਹਿਯੋਗ ਨਾਲ ਨੰਨ੍ਹੇ ਮੁੰਨੇ ਬੱਚਿਆਂ ਦੀਆਂ ਵੱਖ ਵੱਖ ਖੇਡਾਂ ਕਰਵਾਉਣ ਜਾ ਰਹੇ ਹਾਂ।ਪਹਿਲੇ ਦਿਨ ਅਥਲੈਟਿਕਸ ਹੋਵੇਗੀ ਅਤੇ ਬਾਕੀ ਖੇਡਾਂ ਵੀ ਨਾਲ ਨਾਲ ਚੱਲਣਗੀਆਂ। ਕਲੱਸਟਰ ਸਕੂਲ ਮੁਖੀਆਂ ਦੀ ਅਗਵਾਈ ਵਿੱਚ ਪੰਜੇ ਕਲੱਸਟਰਸ ਹਿੱਸਾ ਲੈਣਗੇ ਅਤੇ ਜੋ ਸੈਂਟਰ ਪੱਧਰੀ ਖੇਡਾਂ ਵਿੱਚ ਬੱਚਿਆਂ ਦੀਆਂ ਟੀਮਾਂ ਚੁਣੀਆਂ ਗਈਆਂ ਹਨ ਉਹ ਟੀਮਾਂ ਨਹਿਰੂ ਸਟੇਡੀਅਮ, ਫਰੀਦਕੋਟ ਵਿਖੇ ਖੇਡਾਂ ਵਿੱਚ ਹਿੱਸਾ ਲੈਣਗੀਆਂ।ਇਨਾਮ ਵੰਡ ਸਮਾਰੋਹ 10 October 2025 ਨੂੰ ਹੋਵੇਗਾ।ਇਸ ਟੂਰਨਾਮੈਂਟ ਦੇ ਮੁੱਖ ਮਹਿਮਾਨ ਸ. ਗੁਰਦਿੱਤ ਸਿੰਘ ਜੀ ਸੇਖੋਂ ਹਲਕਾ ਵਿਧਾਇਕ ਫਰੀਦਕੋਟ ਹੋਣਗੇ ਅਤੇ ਖੇਡਾਂ ਦਾ ਉਦਘਾਟਨ ਹਲਕਾ ਵਿਧਾਇਕ ਸ ਗੁਰਦਿੱਤ ਸਿੰਘ ਸੇਖੋਂ ਕਰਨਗੇ ਅਤੇ ਵਿਸ਼ੇਸ਼ ਮਹਿਮਾਨ ਸਤਿਕਾਰਯੋਗ ਜ਼ਿਲ੍ਹਾ ਸਿੱਖਿਆ ਅਫ਼ਸਰ ਸ੍ਰੀ ਮਤੀ ਅੰਜਨਾ ਕੌਂਸਲ ਜੀ ਤੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਸ੍ਰੀ ਪਵਨ ਕੁਮਾਰ ਜੀ ਹੋਣਗੇ ਇਸ ਸਮਾਗਮ ਦੀ ਪ੍ਰਧਾਨਗੀ ਸ ਜਗਤਾਰ ਸਿੰਘ ਮਾਨ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਬਲਾਕ ਫਰੀਦਕੋਟ -1ਅਤੇ ਸਮੂਹ ਸੈਂਟਰ ਮੁੱਖ ਅਧਿਆਪਕ ਕਰਨਗੇ।ਇਹ ਬਲਾਕ ਖੇਡਾਂ ਦੇ ਖੇਡ ਸਕੱਤਰ ਸ.ਜਸਵਿੰਦਰ ਸਿੰਘ ਔਲਖ ਤੇ ਉਪ-ਖੇਡ ਸਕੱਤਰ ਸ.ਸੁਖਵਿੰਦਰ ਸਿੰਘ ਸੁੱਖੀ ਹੋਣਗੇ।ਮੁੱਖ ਪ੍ਰਬੰਧਕ ਸੁਖਜੀਤ ਸਿੰਘ ਬਲਕਾ ਸਪੋਰਟਸ ਅਫਸਰ ਤੇ ਖਜ਼ਾਨਚੀ ਸ.ਹਰਵਿੰਦਰ ਸਿੰਘ ਬੇਦੀ ਹੋਣਗੇ। ਫ਼ੋਟੋ:05ਐਫ਼ਡੀਕੇਪੀਜਸਬੀਰਕੌਰ6: ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਬਲਾਕ ਫਰੀਦਕੋਟ -1ਸ੍ਰੀ ਜਗਤਾਰ ਸਿੰਘ ਮਾਨ।

## ਪੰਜਾਬੀ ਦੇ ਉੱਘੇ ਲੋਕ ਗਾਇਕ ਬਲਧੀਰ ਮਾਹਲਾ ਦੇ ਦੋਗਾਣੇ ਮਾਹਲੇ ਵੇ ਮਾਹਲੇ ਸਮੇਤ ਤਿੰਨ ਗੀਤਾਂ ਦੀ ਸ਼ੂਟਿੰਗ ਹੋਈ ਮੁਕੰਮਲ।

ਵਰਲਡ ਪੰਜਾਬੀ ਟਾਈਮਜ਼ ਧਰਮ ਪ੍ਰਵਾਨਾਂ

ਫਰੀਦਕੋਟ 6 ਅਕਤੂਬਰ : ਪੰਜਾਬੀ ਦੇ ਸਾਹਿਤਕ ਤੇ ਸੱਭਿਆਚਾਰਕ ਲੋਕ ਗਾਇਕ ਬਲਧੀਰ ਮਾਹਲਾ ਦੇ ਗੀਤਾਂ ਦੀ ਸ਼ੂਟਿੰਗ ਜੋ ਕਿ ਆਈਕੋਨਿਕ ਫਾਰਮਜ਼ ਫਿਲਮ ਸਿਟੀ ਵਿੱਚ ਚੱਲ ਰਹੀ ਸੀ ਉਹ ਮੁਕੰਮਲ ਕਰ ਲਈ ਗਈ ਹੈ। ਉਪਰੋਕਤ ਜਾਣਕਾਰੀ ਸਾਂਝੀ ਕਰਦਿਆਂ ਬਲਧੀਰ ਮਾਹਲਾ ਆਫੀਸ਼ੀਅਲ ਦੇ ਪ੍ਰੈਸ ਸਕੱਤਰ ਡਾ. ਧਰਮ ਪ੍ਰਵਾਨਾ ਨੇ ਦੱਸਿਆ ਕਿ ਇਹਨਾਂ ਤਿੰਨੇ ਗੀਤਾਂ



ਦੀ ਸਾਰੀ ਸ਼ੂਟਿੰਗ ਨਛੱਤਰ ਗੋਨੇਆਣਾ ਦੀ ਦੇਖ ਰੇਖ ਵਿੱਚ ਕੀਤੀ ਗਈ ਹੈ। ਇਹਨਾਂ ਗੀਤਾਂ ਵਿੱਚ ਇੱਕ ਬਹੁਤ ਖੂਬਸੂਰਤ ਦੋਗਾਣਾ ਮਾਹਲੇ ਵੇ ਮਾਹਲੇ ਬਲਧੀਰ ਮਾਹਲਾ ਦੀ ਸਹਿ ਗਾਇਕਾ ਬੀਬਾ ਰੀਤ ਸੰਧੂ ਨਾਲ ਫਿਲਮਾਇਆ ਗਿਆ ਹੈ ਦੂਜਾ ਪੰਜਾਬੀ ਡਾਂਸ ਤੇ ਪੰਜਾਬੀ ਵਿਰਸੇ ਦੀ ਬਾਤ ਪਾਉਂਦਾ ਭੰਗੜਾ ਪਾਉਂਦਿਆਂ ਨੂੰ ਹੈ ਇਹ ਗੀਤਾਂ ਦੇ ਰਚੇਤਾ ਬਲਧੀਰ ਮਾਹਲਾ ਖੁਦ ਆਪ ਹਨ ਜਦੋਂ ਕਿ ਤੀਜਾ ਗੀਤ ਪ੍ਰਸਿੱਧ ਗੀਤਕਾਰ ਭੱਟੀ ਝੰਡੇ ਵਾਲਾ ਦੀ ਕਲਮ ਦਾ ਲਿਖਿਆ ਹੋਇਆ ਮਾਵਾਂ ਦੇ ਪਵਿੱਤਰ ਰਿਸ਼ਤੇ ਬਾਰੇ ਹੈ। ਡਾ. ਧਰਮ ਪ੍ਰਵਾਨਾ ਨੇ ਕਿਹਾ ਬਲਧੀਰ ਮਾਹਲਾ ਇੱਕ ਪਰਿਵਾਰਕ ਗਾਇਕ ਹੈ ਜਿਸ ਕਰਕੇ ਉਹਦੀ ਗਾਇਕੀ ਜਾਂ ਗੀਤਾਂ ਤੇ ਉਂਗਲ ਨਹੀਂ ਚੁੱਕੀ ਜਾਂ ਸਕਦੀ ਇਹ ਗੀਤ ਵੀ ਪਰਿਵਾਰਾਂ ਵਿੱਚ ਬੈਠਕੇ ਸੁਣੇ ਤੇ ਮਾਣੇ ਜਾਣਗੇ। ਪੰਜਾਬੀ ਸਰੋਤਿਆਂ ਦੀਆਂ ਦੁਆਵਾਂ ਸਦਕਾ ਇਹ ਗੀਤਾਂ ਨੂੰ ਬਹੁਤ ਹੀ ਜਲਦੀ ਨਛੱਤਰ ਗੋਨੇਆਣਾ ਦੀ ਸਰਪ੍ਰਸਤੀ ਵਿੱਚ ਅੰਤਰ ਰਾਸ਼ਟਰੀ ਪੱਧਰ ਤੇ ਪੰਜਾਬੀ ਦੁਨੀਆਂ ਦੇ ਸਨਮੁਖ ਕੀਤਾ ਜਾ ਰਿਹਾ ਹੈ।

## ਐਮ.ਏ. ਦੀਆਂ ਡਿਗਰੀਆਂ ਪ੍ਰਾਪਤ ਕਾਰੀਗਰ ਮਿੱਟੀ ਦੇ ਦੀਵੇ ਬਣਾਉਣ ਲਈ ਮਜਬੂਰ!

### ਦੋ ਸਕੇ ਭਰਾ ਪੀੜੀ ਦਰ ਪੀੜੀ ਕਰ ਰਹੇ ਹਨ ਮਿੱਟੀ ਦੇ ਭਾਂਡੇ ਬਣਾਉਣ ਦਾ ਕੰਮ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 6 ਅਕਤੂਬਰ : ਬੇਸ਼ੱਕ ਦੀਵਾਲੀ ਦੇ ਤਿਉਹਾਰ ਮੌਕੇ ਕਾਰੀਗਰਾਂ ਵੱਲੋਂ ਮਿੱਟੀ ਦੇ ਦੀਵੇ ਅਤੇ ਭਾਂਡੇ ਤਿਆਰ ਕੀਤੇ ਜਾਂਦੇ ਹਨ ਪਰ ਵੱਖ-ਵੱਖ ਕਿਸਮ ਦੀਆ ਚਾਈਨਾ ਮੇਡ ਬਿਜਲਈ ਲੜੀਆਂ ਨੇ ਗਰੀਬਾਂ ਦਾ ਰੁਗਜਾਰ ਹੀ ਨਹੀਂ ਖੋਹਿਆ, ਬਲਕਿ ਸਾਨੂੰ ਅਸਲ ਸੱਭਿਆਚਾਰ ਨਾਲੋਂ ਵੀ ਤੋੜ ਕੇ ਰੱਖ ਦਿੱਤਾ ਹੈ। ਜਿਲਾ ਫਰੀਦਕੋਨ ਦੇ ਪਿੰਡ ਔਲਖ ਦੇ ਵਸਨੀਕ ਵੀਰ ਚੰਦ ਅਤੇ ਸ੍ਰੀ ਚੰਦ ਦੋਨੋਂ ਭਰਾ ਆਪਣੇ ਜੱਦੀ ਪੁਰਖਿਆਂ ਤੋਂ ਪੀੜ੍ਹੀ ਦਰ ਪੀੜ੍ਹੀ ਮਿੱਟੀ ਦੇ ਭਾਂਡੇ ਬਣਾਉਣ ਦਾ ਕੰਮ ਕਰਦੇ ਆ ਰਹੇ ਹਨ। ਉਦਾਸ ਮਨ ਨਾਲ ਦੋਨੋਂ ਭਰਾਵਾਂ ਨੇ ਦੱਸਿਆ ਕਿ ਅੱਜ ਦੇ ਸਮੇਂ ਵਿੱਚ ਮਿੱਟੀ ਦੇ ਭਾਂਡੇ ਬਣਾਉਣਾ ਬੜਾ ਮੁਸ਼ਕਿਲ ਹੋ ਗਿਆ ਹੈ, ਕਿਉਂਕਿ ਮਿੱਟੀ ਹੁਣ ਮੁਫਤ ਨਹੀਂ ਬਲਕਿ ਮੁੱਲ ਮਿਲਦੀ ਹੈ, ਜਿਸ ਨਾਲ ਭਾਂਡੇ ਬਣਾ ਕੇ ਅੱਗ 'ਤੇ ਪਕਾਉਣ ਉਪਰੰਤ ਕਾਫੀ ਖਰਚਾ ਹੋ ਜਾਂਦਾ ਹੈ ਅਤੇ ਉਪਰੋਂ ਮੌਸਮ ਦੀ ਬੇਯਕੀਨੀ ਨਾਲ ਸਾਰੀ ਮਿਹਨਤ ਅਤੇ ਸਰਮਾਇਆ ਅਜਾਈਂ ਚਲੇ ਜਾਣ ਦਾ ਖਤਰਾ ਵੀ ਮੰਡਰਾਉਂਦਾ ਰਹਿੰਦਾ ਹੈ। ਉਹਨਾਂ ਦੱਸਿਆ ਕਿ ਭਾਵੇਂ ਸਖਤ ਮਿਹਨਤ ਕਰਕੇ ਆਪਣੇ ਬੱਚਿਆਂ ਨੂੰ ਗਰੈਜੂਏਟ ਅਤੇ ਪੋਸਟ ਗਰੈਜੂਏਟ ਤੱਕ ਦੀਆਂ ਪੜਾਈਆਂ ਕਰਵਾਈਆਂ ਪਰ ਉਹ ਸਰਕਾਰੀ ਨੌਕਰੀ ਨਾ ਮਿਲਣ ਕਰਕੇ ਉੱਚ ਵਿਦਿਆ ਪ੍ਰਾਪਤ ਡਿਗਰੀਆਂ ਹਾਸਲ ਕਰਨ ਦੇ ਬਾਵਜੂਦ ਵੀ ਮਿੱਟੀ ਦੇ ਭਾਂਡੇ ਬਣਾਉਣ ਲਈ ਮਜਬੂਰ ਹਨ। ਉਹਨਾ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਜਾਂ ਤਾਂ ਸਾਡੇ ਉੱਚ ਵਿਦਿਆ ਪ੍ਰਾਪਤ ਬੱਚਿਆਂ ਨੂੰ ਨੋਕਰੀਆਂ ਦਿੱਤੀਆਂ ਜਾਣ ਤੇ ਜਾਂ ਸਹਾਇਕ ਧੰਦਿਆਂ ਦੀ ਤਰ੍ਹਾਂ ਸਾਨੂੰ ਬਿਨਾ ਵਿਆਜ ਕਰਜਾ ਮੁਹੱਈਆ ਕਰਵਾਇਆ ਜਾਵੇ।

## ਫਸਲ ਮੀਂਹ ਹੇਠਾਂ, ਅਧਿਕਾਰੀਆਂ ਦੀ ਲਾਪਰਵਾਹੀ ਨੇ ਕਿਸਾਨਾਂ ਦੀ ਮਿਹਨਤ 'ਤੇ ਪਾਇਆ ਪਾਣੀ : ਅਰਸ਼ ਸੱਚਰ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ/ਫਰੀਦਕੋਟ, 6 ਅਕਤੂਬਰ : ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਸਮਾਜਸੇਵੀ ਅਰਸ਼ ਸੱਚਰ ਨੇ ਫਰੀਦਕੋਟ ਦੀਆਂ ਦਾਣਾ ਮੰਡੀਆਂ ਵਿੱਚ ਮੀਂਹ ਨਾਲ ਭਿੱਜੀ ਹੋਈ ਫਸਲ ਦੇ ਹਾਲਾਤ ਵੇਖ ਕੇ ਕਿਹਾ ਕਿ ਇਹ ਸਾਰੀ ਸਥਿਤੀ ਜ਼ਿਲ੍ਹਾ ਅਤੇ ਮੰਡੀ ਅਧਿਕਾਰੀਆਂ ਦੀ ਗੰਭੀਰ ਲਾਪਰਵਾਹੀ ਦਾ ਨਤੀਜਾ ਹੈ। ਉਹਨਾਂ ਕਿਹਾ "ਸਰਕਾਰ ਵੱਲੋਂ ਸਾਰੇ ਪ੍ਰਬੰਧ ਕਰਨ ਦੇ ਹੁਕਮ ਪਹਿਲਾਂ ਹੀ ਜਾਰੀ ਕੀਤੇ ਗਏ ਸਨ, ਪਰ ਅਧਿਕਾਰੀਆਂ ਨੇ ਨਾ ਤਰਪਾਲ ਲਗਾਏ, ਨਾ ਡ੍ਰੇਨਜ ਬਣਾਇਆ ਤੇ ਨਾ ਹੀ ਕਿਸਾਨਾਂ ਲਈ ਬੁਨਿਆਦੀ ਸਹੂਲਤਾਂ ਦਿੱਤੀਆਂ। ਇਸ ਬੇਧਿਆਨੀ ਕਾਰਨ ਕਿਸਾਨਾਂ ਦੀ ਮਿਹਨਤ ਮੀਂਹ ਹੇਠਾਂ ਡੁੱਬ ਰਹੀ ਹੈ।" ਅਰਸ਼ ਸੱਚਰ ਨੇ ਮੁੱਖ ਮੰਤਰੀ ਪੰਜਾਬ ਨੂੰ ਪੱਤਰ ਲਿਖ ਕੇ ਜਾਂਚ ਬਿਠਾਉਣ, ਜ਼ਿੰਮੇਵਾਰ ਅਧਿਕਾਰੀਆਂ 'ਤੇ ਸਖ਼ਤ ਕਾਰਵਾਈ ਕਰਨ ਅਤੇ ਭਵਿੱਖ ਵਿੱਚ ਐਸਾ ਦੁਬਾਰਾ ਨਾ ਹੋਵੇ, ਇਸ ਲਈ ਨਿਗਰਾਨੀ ਟੀਮਾਂ ਤਾਇਨਾਤ ਕਰਨ ਦੀ ਮੰਗ ਕੀਤੀ ਹੈ। ਉਹਨਾਂ ਕਿਹਾ ਕਿ ਕਿਸਾਨਾਂ ਦੀ ਮਿਹਨਤ ਪੰਜਾਬ ਦੀ ਤਾਕਤ ਹੈ, ਤੇ ਜੋ ਅਧਿਕਾਰੀ ਆਪਣੀ ਡਿਊਟੀ ਨਹੀਂ ਨਿਭਾਅ ਰਹੇ, ਉਹ ਕਿਸਾਨਾਂ ਦੇ ਸਭ ਤੋਂ ਵੱਡੇ ਦੋਸ਼ੀ ਹਨ।



ਵਰਲਡ ਪੰਜਾਬੀ ਟਾਈਮਜ਼ 06 ਅਕੂਤਬਰ 2025 ਦਿਨ ਸੋਮਵਾਰ

## ਸਕੂਲਾਂ ਵਿੱਚ ਡਿਜ਼ੀਟਲ ਲਾਇਬ੍ਰੇਰੀਆਂ ਦੀ ਲੋੜ

ਵਰਲਡ ਪੰਜਾਬੀ ਟਾਈਮਜ਼
ਸੁਰਿੰਦਰਪਾਲ ਸਿੰਘ



ਆਧੁਨਿਕ ਯੁੱਗ ਵਿੱਚ ਤਕਨੀਕੀ ਵਿਕਾਸ ਨੇ ਸਿੱਖਿਆ ਦੇ ਖੇਤਰ ਨੂੰ ਇੱਕ ਨਵੇਕਲੀ ਰੂਪ ਰੇਖਾ ਦਿੱਤੀ ਹੈ। ਇੰਟਰਨੈੱਟ, ਕਲਾਊਡ ਕੰਪਿਊਟਿੰਗ ਅਤੇ ਡਿਜ਼ੀਟਲ ਪਾਠਸਮੱਗਰੀ ਨੇ ਸਿੱਖਣ ਦੇ ਤੌਰ ਤਰੀਕਿਆਂ ਨੂੰ ਬੁਨਿਆਦੀ ਤੌਰ 'ਤੇ ਬਦਲ ਦਿੱਤਾ ਹੈ। ਇਸ ਕਾਰਜ ਵਿੱਚ, ਸਕੂਲਾਂ ਵਿੱਚ ਡਿਜ਼ੀਟਲ ਲਾਇਬ੍ਰੇਰੀਆਂ ਦੀ ਸਥਾਪਨਾ ਬਹੁਤ ਜ਼ਰੂਰੀ ਹੈ। ਡਿਜ਼ੀਟਲ ਲਾਇਬ੍ਰੇਰੀ ਇੱਕ ਐਸੀ ਪਾਠ ਸਮੱਗਰੀ ਦਾ ਭੰਡਾਰ ਹੈ ਜੋ ਇਲੈਕਟ੍ਰਾਨਿਕ ਰੂਪ ਵਿੱਚ ਉਪਲੱਬਧ ਹੁੰਦੀ ਹੈ ਅਤੇ ਇਸ ਤੱਕ ਪਹੁੰਚ ਕਿਸੇ ਵੀ ਸਮੇਂ ਅਤੇ ਕਿਸੇ ਵੀ ਸਥਾਨ ਤੋਂ ਹੋ ਸਕਦੀ ਹੈ।

ਡਿਜ਼ੀਟਲ ਲਾਇਬ੍ਰੇਰੀਆਂ ਦੀ ਵਿਗਿਆਨਕ ਮਹੱਤਤਾ

ਡਿਜ਼ੀਟਲ ਲਾਇਬ੍ਰੇਰੀਆਂ ਵਿਦਿਆਰਥੀਆਂ ਨੂੰ ਬਹੁਤ ਸਾਰੇ ਲਾਭ ਪ੍ਰਦਾਨ ਕਰਦੀਆਂ ਹਨ:

ਸਰਲ ਪਹੁੰਚ ਅਤੇ ਲਚਕੀਲੇ ਅਧਿਐਨ
ਡਿਜ਼ੀਟਲ ਲਾਇਬ੍ਰੇਰੀਆਂ ਦੁਆਰਾ ਵਿਦਿਆਰਥੀ ਘਰ ਬੈਠੇ ਵੀ ਵਿਸ਼ਾਲ ਪਾਠ ਸਮੱਗਰੀ ਤੱਕ ਪਹੁੰਚ ਸਕਦੇ ਹਨ। ਇਸ ਨਾਲ ਪਾਠਕ੍ਰਮ ਨੂੰ ਪੂਰਾ ਕਰਨ ਵਿੱਚ ਸਹੂਲਤ ਮਿਲਦੀ ਹੈ ਅਤੇ ਸਿੱਖਣ ਦਾ ਅਨੁਭਵ ਬਹੁਤ ਲਚਕੀਲਾ ਬਣਦਾ ਹੈ।
ਜਾਣਕਾਰੀ ਦਾ ਵਿਸ਼ਾਲ ਸੰਗ੍ਰਹਿ
ਡਿਜ਼ੀਟਲ ਲਾਇਬ੍ਰੇਰੀਆਂ ਵਿਦਿਆਰਥੀਆਂ ਨੂੰ ਕਿਤਾਬਾਂ, ਅਨੁਸੰਧਾਨ ਪੱਤਰ, ਵੀਡੀਓ ਲੈਕਚਰ, ਅਕਾਦਮਿਕ ਜ਼ਰਨਲ ਅਤੇ ਸਮਕਾਲੀ ਲੇਖਾਂ ਤੱਕ ਇਕੱਠੇ ਪਹੁੰਚ ਦਿੰਦੇ ਹਨ। ਇਸ ਨਾਲ ਵਿਦਿਆਰਥੀ ਆਪਣੀ ਰੁਚੀ ਅਤੇ ਲੋੜ ਅਨੁਸਾਰ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ।
ਇਕੋ-ਫ੍ਰੈਂਡਲੀ ਵਿਵਸਥਾ

ਵਰਲਡ ਪੰਜਾਬੀ ਟਾਈਮਜ਼
ਗੁਰਸ਼ਰਨ ਕੌਰ ਦੇਵਗੁਣ

ਡਿਜ਼ੀਟਲ ਲਾਇਬ੍ਰੇਰੀਆਂ ਪੇਪਰ ਦੀ ਵਰਤੋਂ ਘਟਾਉਂਦੀਆਂ ਹਨ ਜੋ ਵਾਤਾਵਰਣ ਸੁਰੱਖਿਆ ਵਿੱਚ ਯੋਗਦਾਨ ਦਿੰਦਾ ਹੈ। ਇਹ ਸਕੂਲਾਂ ਨੂੰ ਸਥਿਰ ਵਿਕਾਸ ਦੀ ਰਾਹ 'ਤੇ ਲੈ ਜਾਂਦਾ ਹੈ।
ਸਹਿਯੋਗੀ ਅਤੇ ਸੰਵਾਦਾਤਮਕ ਅਧਿਐਨ
ਆਨਲਾਈਨ ਡਿਜੀਟਲ ਪਲੇਟਫਾਰਮ ਸਿਖਲਾਈ ਨੂੰ ਸਹਿਯੋਗੀ ਬਣਾਉਂਦੇ ਹਨ ਜਿੱਥੇ ਵਿਦਿਆਰਥੀ ਅਤੇ ਅਧਿਆਪਕ ਵਿਚਾਰ-ਵਟਾਂਦਰਾ ਕਰ ਸਕਦੇ ਹਨ, ਪ੍ਰੋਜੈਕਟ ਸਾਂਝੇ ਕਰ ਸਕਦੇ ਹਨ ਅਤੇ ਸਮੂਹਕ ਅਧਿਐਨ ਕਰ ਸਕਦੇ ਹਨ।
ਡਿਜ਼ੀਟਲ ਲਾਇਬ੍ਰੇਰੀਆਂ ਦੀ ਲੋੜ ਦੇ ਕਾਰਣ

ਤਕਨੀਕੀ ਯੁਗ ਦੀ ਮੰਗ:
ਸਮੱਗਰੀ ਤੇਜ਼ੀ ਨਾਲ ਅੱਪਡੇਟ ਹੁੰਦੀ ਹੈ, ਜਿਸਨੂੰ ਪਰੰਪਰਾਗਤ ਲਾਇਬ੍ਰੇਰੀਆਂ ਵਿੱਚ ਸ਼ਾਮਿਲ ਕਰਨਾ ਮੁਸ਼ਕਲ ਹੈ।

ਵਿਸ਼ਵ ਪੱਧਰੀ ਸਿੱਖਿਆ:
ਵਿਦਿਆਰਥੀ ਦੁਨੀਆ ਭਰ ਦੀ ਅਕਾਦਮਿਕ ਸਮੱਗਰੀ ਅਤੇ ਲੇਖਾਂ ਤੱਕ ਪਹੁੰਚ ਕਰ ਸਕਦੇ ਹਨ।

ਸਿੱਖਣ ਦੀ ਨਵੀਨਤਾ:
ਇੰਟਰਐਕਟਿਵ ਪਾਠ ਸਮੱਗਰੀ ਜਿਵੇਂ ਕਿ ਮਲਟੀਮੀਡੀਆ, ਸਿਮੂਲੇਸ਼ਨ ਅਤੇ ਡਿਜ਼ੀਟਲ ਟੂਲ ਵਿਦਿਆਰਥੀਆਂ ਦੀ ਰੁਚੀ ਵਧਾਉਂਦੇ ਹਨ।

ਸੰਭਾਵਿਤ ਚੁਣੌਤੀਆਂ

ਡਿਜ਼ੀਟਲ ਲਾਇਬ੍ਰੇਰੀਆਂ ਦੀ ਸਥਾਪਨਾ ਵਿੱਚ ਕੁਝ ਚੁਣੌਤੀਆਂ ਵੀ ਹਨ — ਤਕਨੀਕੀ ਢਾਂਚੇ ਦੀ ਲਾਗਤ, ਸਿੱਖਿਆਦਾਨ ਵਿੱਚ ਡਿਜ਼ੀਟਲ ਸਕਿਲਜ਼ ਦੀ ਘਾਟ ਅਤੇ ਡਿਜ਼ੀਟਲ ਪਾਠ ਸਮੱਗਰੀ ਦੀ ਸੁਰੱਖਿਆ। ਇਹ ਚੁਣੌਤੀਆਂ ਯੋਜਨਾਬੱਧ ਤੌਰ 'ਤੇ ਹੱਲ ਕੀਤੀਆਂ ਜਾ ਸਕਦੀਆਂ ਹਨ।

ਸਕੂਲਾਂ ਵਿੱਚ ਡਿਜ਼ੀਟਲ ਲਾਇਬ੍ਰੇਰੀਆਂ ਦੀ ਲੋੜ ਨਿਰੰਤਰ ਵੱਧ ਰਹੀ ਹੈ। ਇਹ ਨਾ ਸਿਰਫ ਵਿਦਿਆਰਥੀਆਂ ਲਈ ਪਾਠਕ੍ਰਮ ਨੂੰ ਬਹੁਤ ਪ੍ਰਭਾਵਸ਼ਾਲੀ ਬਣਾਉਂਦੀ ਹੈ, ਸਗੋਂ ਅਧਿਆਪਕਾਂ ਨੂੰ ਵੀ ਨਵੇਂ ਤਰੀਕਿਆਂ ਨਾਲ ਸਿੱਖਣ ਅਤੇ ਸਿੱਖਾਉਣ ਦਾ ਮੌਕਾ ਦਿੰਦੀ ਹੈ। ਸਮੱਗਰੀ ਦੀ ਸਹੂਲਤ, ਲਚਕੀਲਾਪਨ ਅਤੇ ਵਾਤਾਵਰਣ ਬਚਾਅ ਵਿੱਚ ਯੋਗਦਾਨ ਦੇਖਦਿਆਂ, ਡਿਜ਼ੀਟਲ ਲਾਇਬ੍ਰੇਰੀਆਂ ਆਧੁਨਿਕ ਸਕੂਲ ਸਿੱਖਿਆ ਦਾ ਅਟੁੱਟ ਹਿੱਸਾ ਬਣ ਰਹੀਆਂ ਹਨ। ਇਸ ਲਈ ਹਰ ਸਕੂਲ ਲਈ ਇਹ ਜ਼ਰੂਰੀ ਹੈ ਕਿ ਉਹ ਆਪਣੀ ਲਾਇਬ੍ਰੇਰੀ ਦੇ ਡਿਜ਼ੀਟਲ ਰੂਪਾਂਤਰ 'ਤੇ ਵਿਚਾਰ ਕਰੇ ਅਤੇ ਇਸ ਨੂੰ ਲਾਗੂ ਕਰਨ ਲਈ ਯੋਜਨਾ ਬਣਾਏ।

## ਜਨਤਾ ਦਾ ਸੇਵਕ



ਗਲੀ ਮੁਹੱਲੇ ਦੇ ਵਿੱਚ ਜਾਂਦਾ,
ਆਵੇ ਚਿੱਠੀ, ਹਰ ਕੋਈ ਚਾਹਵੇ।

ਭੈਣ ਭਰਾ ਤੇ ਸੱਜਣ ਮਿੱਤਰ,
ਸਭ ਨੂੰ ਚਿੱਠੀ ਰਾਹੀਂ ਮਿਲਾਵੇ।

ਮੀਂਹ ਪਵੇ ਜਾਂ ਵਗੇ ਹਨੇਰੀ,
ਡਾਕੀਆ ਕਦੇ ਨਾ ਨਾਗਾ ਪਾਵੇ।

ਸਿਰ ਤੇ ਟੋਪੀ ਖ਼ਾਕੀ ਵਰਦੀ,
ਦੂਰੋਂ ਹੀ ਪਹਿਚਾਣ ਆ ਜਾਵੇ।

ਜਦ ਵੀ ਬੱਚਿਓ ਡਾਕੀਆਂ ਆਵੇ।
ਬਾਰ 'ਚ ਆ ਕੇ ਬੈੱਲ ਵਜਾਵੇ।

ਬਾਹਰ ਨਿਕਲ ਕੇ ਜਦ ਵੇਖੀਏ,
ਚਿੱਠੀ – ਪੱਤਰ ਹੱਥ ਫੜਾਵੇ।

ਖ਼ਾਕੀ ਲਿਫ਼ਾਫ਼ਾ ਜਾਂ ਕੋਈ ਕਾਗਜ਼,
ਪਹਿਲਾਂ ਪੜ੍ਹ ਕੇ ਪਤਾ ਸੁਣਾਵੇ।

ਹੈਂਡਲ ਦੇ ਨਾਲ ਝੋਲ਼ਾ ਟੰਗਿਆ,
ਸਾਈਕਲ ਸਟੈਂਡ ਦੇ ਉੱਤੇ ਲਾਵੇ।

ਜਨਤਾ ਦਾ ਇਹ ਵਧੀਆ ਸੇਵਕ,
ਹਰ ਕੋਈ ਪਿਆਰ ਨਾਲ ਬੁਲਾਵੇ।

'ਪੱਤੋ' ਸਾਧਨ ਕਿੰਨੇ ਹੋ ਗਏ,
ਡਾਕੀਆ ਅੱਜ ਵੀ ਡਾਕ ਲਿਆਵੇ।

ਜਦ ਕਦੇ ਸਾਡੇ ਘਰ ਹੈ ਆਉਂਦਾ,
'ਪੀਤਾ' ਉਸ ਨੂੰ ਚਾਹ ਪਿਲਾਵੇ।

ਵਰਲਡ ਪੰਜਾਬੀ ਟਾਈਮਜ਼
ਮਹਿੰਦਰ ਸਿੰਘ ਮਾਨ

## ਅੰਦਰਲੇ ਰਾਵਣ ਨੂੰ....



ਵਰਲਡ ਪੰਜਾਬੀ ਟਾਈਮਜ਼
ਪਰਸ਼ੋਤਮ ਸਿੰਘ

ਨੇਕੀ ਦੀ ਬਦੀ ਤੇ ਜਿੱਤ ਦਾ ਜਸ਼ਨ, ਜਦੋਂ ਵੀ ਮਿਲਕੇ ਮਨਾਉਣਗੇ ਲੋਕ
ਦੇਖਦੇ ਹਾਂ ਆਪਣੇ ਅੰਦਰਲੇ ਰਾਵਣ ਨੂੰ, ਲਾਂਬੂ ਕਦੋਂ ਲਗਾਉਣਗੇ ਲੋਕ
ਦੁਨੀਆਂ ਦੀ ਇਹ ਦੋਧਾਰੀ ਤਲਵਾਰ, ਜਦ ਵੀ ਚੱਲਦੀ ਏ
ਸਮਝ ਨਾ ਆਵੇ ਕਿ ਇਹ ਹਵਾ, ਫਿਰ ਕਿਸ ਦੇ ਵੱਲ ਦੀ ਏ
ਸੱਚ ਤੋਂ ਮੁੱਖ ਮੋੜ ਕੇ ਹੁਣ, ਕਦ ਤੱਕ ਸੂਰਜ ਨੂੰ ਪਾਣੀ ਚੜਾਉਣਗੇ ਲੋਕ
ਦੇਖਦੇ ਹਾਂ ਆਪਣੇ ਅੰਦਰਲੇ ਰਾਵਣ ਨੂੰ, ਲਾਂਬੂ ਕਦੋਂ ਲਗਾਉਣਗੇ ਲੋਕ

ਅੱਖੋਂ ਸੁਜਾਖੇ, ਅਕਲੋਂ ਅੰਨੇ, ਕੰਨੋਂ ਬਹਿਰੇ, ਹੁਣ ਹੋ ਗਈ ਖ਼ਲਕਤ ਸਾਰੀ
ਸਮਝਣ ਨਾਲੋਂ ਪੂਜਣ ਦੀ ਆਸਥਾ, ਅਕਲ ਤੇ ਸਦਾ ਹੀ ਪੈਂਦੀ ਭਾਰੀ
ਤਨ ਦੀ ਮੈਲ਼ ਦੇ ਨਾਲ਼, ਮਨ ਦੀ ਲਾਹੁਣ ਦੀ ਕੀ ਪਿਰਤ ਪਾਉਣਗੇ ਲੋਕ
ਦੇਖਦੇ ਹਾਂ ਆਪਣੇ ਅੰਦਰਲੇ ਰਾਵਣ ਨੂੰ, ਲਾਂਬੂ ਕਦੋਂ ਲਗਾਉਣਗੇ ਲੋਕ

ਨਹੀਂ ਮਾਰਨਗੇ ਹੱਕ ਕਿਸੇ ਦਾ, ਛੱਡ ਦੇਣਗੇ ਕਰਨੇ ਸਭ ਗੋਰਖ਼ ਧੰਦੇ
ਬੇਈਮਾਨੀ, ਹੇਰਾਫੇਰੀ, ਝੂਠ, ਧੋਖਾ, ਬੁਰਾਈ ਤੋਂ ਦੂਰ ਹੋ ਜਾਣਗੇ ਬੰਦੇ
ਹਨੂੰਮਾਨ ਵਾਂਗ ਕਿਸੇ ਦੀ ਰੱਖਿਆ ਲਈ, ਖ਼ੁਦ ਨੂੰ ਅਜਮਾਉਣਗੇ ਲੋਕ
ਦੇਖਦੇ ਹਾਂ ਆਪਣੇ ਅੰਦਰਲੇ ਰਾਵਣ ਨੂੰ, ਲਾਂਬੂ ਕਦੋਂ ਲਗਾਉਣਗੇ ਲੋਕ

ਹੈ ਖ਼ਾਬ ਸਭ ਦਾ ਇੱਕੋ, ਕਿ ਉਹ ਰਾਮਰਾਜ ਕਦੇ ਮੁੜ ਆ ਜਾਵੇ ਦੁਬਾਰਾ
ਕਿਸੇ ਦੇ ਵਚਨਾਂ ਨੂੰ ਪੂਰਾ ਕਰਨ ਖਾਤਿਰ, ਕੋਈ ਰਾਜ ਤਿਆਗੇ ਸਾਰਾ
ਵਣਵਾਸ ਵਿੱਚ ਸਾਥ ਨਿਭਾਵੇ ਭਰਾ, ਕੀ ਇਹ ਆਪਣਾਉਣਗੇ ਲੋਕ
ਦੇਖਦੇ ਹਾਂ ਆਪਣੇ ਅੰਦਰਲੇ ਰਾਵਣ ਨੂੰ, ਲਾਂਬੂ ਕਦੋਂ ਲਗਾਉਣਗੇ ਲੋਕ।

## ਪੰਜਾਬ ਦੇ ਖੁਸਦੇ ਪਾਣੀ ਦਾ



ਭਾਈ ਸੁਣਿਆ ਨਾ,ਵੋਟਾਂ ਨੇੜੇ
ਮਸਲੇ ਪਾਣੀਆਂ ਦੇ ਛਿੜ ਜਾਵਣ
ਮੁੱਕਣ ਕੰਡੇ ਪਾਣੀ ਓਹ ਪੰਜਾਬ ਦਾ।
ਕਦੇ ੫੭ ਹੰਢਾਇਆ ਪੰਜਾਬੀਆਂ
ਕਦੇ ੪੫ ਨੇ ਲੂਹਿਆ ਅਸਾਨੂੰ
ਸਰਿਜਾਂ ਚ ਡੁੱਬਿਆਂ ਜਵਾਨ ਪੰਜਾਬ ਦਾ।
ਥਾਂ ਥਾਂ ਤੇ ਸੱਥਰ, ਕਦੇ ਪੱਟ ਚ ਸੂਈ,ਕਦੇ ਹੱਥ ਸੂਈ,ਲੰਘੇ ਕੱਲ੍ਹ ਤਿੰਨ ਲੋਥਾਂ ਇੱਕ ਥਾਂ
ਹਜੇ ਤਾਂ ਆਂਹਦੇ ਪੰਜਾਬ ਰੰਗਲਾ
ਯੁੱਧ ਨਸ਼ਿਆਂ ਵਿਰੁੱਧ ਨਾਹਰੇ ਦੀ ਫੂਕ ਨਿੱਕਲੀ,ਕਿੰਨਾ ਬੁਰਾ ਹਾਲ ਪੰਜਾਬ ਦਾ।

ਪਹਿਲਾਂ ਸੌਂ ਜਾਂਦੀਆਂ ਨੇ ਸਿਆਸੀ ਪਾਰਟੀਆਂ
ਭਾਵਨਾਤਮਕ ਮੁੱਦਿਆਂ ਨੂੰ ਨਾਲ ਲੈ ਕੇ
ਸਿਆਸੀ ਜਮਾਤਾਂ ਨੂੰ,ਵੋਟਾਂ ਨੇੜੇ ਆਉਣ ਤੇ ਹੀ
ਖਿਆਲ ਕਿਉਂ ਆਉਦਾ "ਗਰੇਵਾਲ "ਪੰਜਾਬ ਦੇ ਖੁਸਦੇ ਪਾਣੀ ਦਾ।

ਵਰਲਡ ਪੰਜਾਬੀ ਟਾਈਮਜ਼
ਡਾ ਜਸਵੀਰ ਸਿੰਘ ਗਰੇਵਾਲ


## ਜਦੋਂ ਰਾਵਣ ਦਾ ਫ਼ੋਨ ਆਇਆ



ਟਰਨ ਟਰਨ..ਅਚਾਨਕ ਫੋਨ ਦੀ ਘੰਟੀ ਵੱਜੀ
ਹੈਲੋ ਕੌਣ, ਮੈਂ ਫ਼ੋਨ ਚੁੱਕਦਿਆਂ ਕਿਹਾ।
ਮੈਂ ਰਾਵਣ ਬੋਲਦਾਂ, ਅੱਗੋਂ ਆਵਾਜ਼ ਆਈ,
ਐਨੀ ਰਾਤ ਨੂੰ ਕੌਣ ਮਜ਼ਾਕ ਕਰ ਰਿਹਾ।
ਮਜ਼ਾਕ ਨਹੀਂ ਮੈਂ ਸੱਚਮੁੱਚ ਰਾਵਣ ਹੀ ਬੋਲਦਾ,
ਤੂੰ ਤਾਂ ਸਦੀਆਂ ਪਹਿਲਾਂ ਮਰ ਗਿਆ ਸੀ,
ਮੈਂ ਤਾਂ ਸਦੀਆਂ ਪਹਿਲਾਂ ਮਰ ਗਿਆ ਸੀ, ਪ੍ਰੰਤੂ ਫ਼ਿਰ ਵੀ ਤੁਸੀਂ ਮੈਨੂੰ ਅੱਜ਼ ਵੀ ਫੂਕਦੇ ਹੋ,
ਅਜਿਹਾ ਕਿਉਂ,
ਮੈਂ ਚੁੱਪ ਰਿਹਾ,
ਹੁਣ ਬੋਲਦਾ ਕਿਉਂ ਨਹੀਂ, ਅੱਗੋਂ ਫ਼ਿਰ ਆਵਾਜ਼ ਆਈ।
ਕਿਉਂ ਤੰਗ ਕਰੀ ਜਾਨਾ ਅੱਧੀ ਰਾਤ ਨੂੰ,
ਮੈਂ ਤਾਂ ਸਦੀਆਂ ਤੋਂ ਤੰਗ ਹੋ ਰਿਹਾ।
ਕਿਉਂ, ਮੈਂ ਪੁੱਛਿਆ।
ਮੈਨੂੰ ਮੇਰੀ ਗ਼ਲਤੀ ਲਈ ਆਏ ਸਾਲ ਫੂਕਦੇ ਹੋ,
ਪ੍ਰੰਤੂ ਆਪਣੀਆਂ ਗਲਤੀਆਂ ਤੇ ਪਰਦਾ ਪਾਉਂਦੇ ਹੋ।
ਕਿਹੜੀਆਂ ਗਲਤੀਆਂ ਮੈਂ ਕਿਹਾ?
ਜੋ ਤੁਸੀਂ ਅੱਖਾਂ ਬੰਦ ਕਰਕੇ ਕਰਦੇ ਅਤੇ ਜ਼ਰਦੇ ਰਹਿੰਦੇ ਹੋ।
ਤੁਹਾਡੇ ਸਮਾਜ਼ ਵਿੱਚ ਧੀਆਂ, ਭੈਣਾਂ ਸਰੁੱਖਿਅਤ ਨਹੀਂ ਪਰੰਤੂ ਮੈਂ ਸੀਤਾ ਨੂੰ ਕਦੇ ਵੀ ਗ਼ਲਤ ਕੰਮ ਲਈ ਮਜਬੂਰ ਨਹੀਂ ਕੀਤਾ, ਹਮੇਸ਼ਾ ਉਸਦੀ ਇੱਛਾ ਨੂੰ ਪਹਿਲ ਦਿੱਤੀ। ਬਿਗਾਨੀ ਔਰਤ ਵੀ ਮੇਰੀ ਕੈਦ ਵਿੱਚ ਸਰੁੱਖਿਅਤ ਸੀ, ਪ੍ਰੰਤੂ ਤੁਹਾਡੇ ਸਮਾਜ਼ ਵਿੱਚ ਤਾਂ ਧੀਆਂ ਭੈਣਾਂ ਆਪਣੇ ਘਰ ਵਿੱਚ ਸਰੁੱਖਿਅਤ ਨਹੀਂ, ਪ੍ਰੰਤੂ ਮਾੜਾ ਫ਼ਿਰ ਵੀ ਤੁਸੀਂ ਮੈਨੂੰ ਹੀ ਕਹਿੰਦੇ ਹੋ।ਅਸਲੀ ਰਾਵਣ ਤਾਂ ਤੁਹਾਡੇ ਅੰਦਰ ਹੈ ਜਿਸਨੂੰ ਤੁਸੀਂ ਕਦੇ ਨਹੀਂ ਫੂਕਿਆ, ਤੁਸੀਂ ਆਪਣੀ ਸੋਚ ਨਹੀਂ ਬਦਲਦੇ, ਆਪਣੇ ਕੰਮ ਕਰਵਾਉਣ ਲਈ ਛਲ ਕਪਟ ਦਾ ਸਹਾਰਾ ਲੈਂਦੇਂ ਹੋ,ਤੇ ਮਾੜਾ ਮੈਨੂੰ ਕਹਿੰਦੇ ਹੋ? ਗੱਲ ਤੇਰੀ ਠੀਕ ਹੈ ਰਾਵਣ ਜੀ, ਮੈਂ ਹੁੰਗਾਰਾ ਭਰਦੇ ਕਿਹਾ। ਗੱਲਾਂ ਠੀਕ ਹੀ ਨਹੀਂ ਸਗੋਂ ਸਹੀ ਹਨ। ਮੈਂ ਤਾਂ ਸਦੀਆਂ ਪਹਿਲਾਂ ਮਰ ਗਿਆ ਸੀ ਪਰੰਤੂ ਸਮਾਜ਼ ਵਿੱਚ ਜੋ ਰਾਵਣ ਰਾਜ਼ ਅੱਜ਼ ਦੇ ਰਾਵਣਾਂ ਨੇ ਕਾਇਮ ਕੀਤਾ ਹੈ ਉਸ ਬਾਰੇ ਕੀ ਸੋਚਿਆ। ਕਿਹੜੇ ਰਾਵਣ, ਮੈਂ ਕਿਹਾ।ਤੂੰ ਤਾਂ ਜਮਾਂ ਹੀ ਉੱਲੂ ਆ, ਅੱਗੋਂ ਆਵਾਜ਼ ਆਈ, ਤੈਨੂੰ ਕੋਈ ਸਮਝ ਨਹੀਂ, ਤੈਨੂੰ ਕੋਈ ਪਤਾ ਨਹੀਂ ਚਲਦਾ, ਅੱਗੋਂ ਲਗਾਤਾਰ ਮੈਨੂੰ ਲਾਹਨਤਾਂ ਪੈ ਰਹੀਆਂ ਸਨ।ਰਾਵਣ ਉਹ ਹਨ ਜ਼ੋ ਰਾਮ ਰਾਜ ਬਣਾਉਣ ਦੀਆਂ ਗੱਲਾਂ ਕਰਦੇ ਹਨ ਪਰੰਤੂ ਉਹਨਾਂ ਦਾ ਰਾਜ਼ ਮੈਥੋਂ ਵੀ ਮਾੜਾ ਹੈ,ਇਥੇ ਤਾਂ ਕੋਈ ਸੁਣਵਾਈ ਨਹੀਂ, ਅੰਨ੍ਹੀ ਪੀਸੀ ਜਾਂਦੀ ਆ ਕੁੱਤੇ ਖਾਈ ਜਾਂਦੇ ਆ। ਤੁਸੀਂ ਲੋਕ ਬੋਲਦੇ ਹੀ ਨਹੀਂ, ਗ਼ਲਤ ਨੂੰ ਗ਼ਲਤ ਹੀ ਨਹੀਂ ਕਹਿੰਦੇ। ਤੂੰ ਸੁਣ ਰਿਹਾ ਕਿ ਨਹੀਂ, ਹਾਂ ਜੀ ਸੁਣ ਰਿਹਾ, ਮੈਂ ਕਿਹਾ। ਮੈਂ ਤਾਂ ਮਰ ਚੁੱਕਿਆ ਹਾਂ ਪ੍ਰੰਤੂ ਤੁਹਾਡੀ ਵੀ ਜ਼ਮੀਰ ਮਰ ਚੁੱਕੀ ਹੈ। ਸ਼ਰਾਬ ਦੀ ਬੋਤਲ ਅਤੇ ਚੰਦ ਛਿੱਲੜਾਂ ਖਾਤਿਰ ਵੋਟਾਂ ਵੇਚ ਦਿੰਦੇ ਹੋਂ, ਫ਼ਿਰ ਜਦੋਂ ਤੁਹਾਡੀ ਕੋਈ ਸੁਣਦਾ ਨਹੀਂ ਫ਼ਿਰ ਤੁਸੀਂ ਕਹਿੰਦੇ ਹੋ ਕਿ ਹਾਕਮ ਮਾੜੇ ਹਨ,ਪੁੱਛਣ ਵਾਲਾ ਹੋਵੇ ਚੁਣਿਆ ਵੀ ਤਾਂ ਤੁਸੀਂ ਹੀ ਹੈ,ਚੰਗੇ ਚੁਣ ਲੈਂਦੇ,ਕਈ ਵਾਰ ਘਪਲਾ ਵੀ ਹੋ ਜਾਂਦਾ ਹੈ ਵੋਟਾਂ ਵਿੱਚ ਮੈਂ ਹੁੰਗਾਰਾ ਭਰਦੇ ਕਿਹਾ। ਜ਼ੇਕਰ ਘੁਟਾਲਾ ਹੁੰਦਾ ਹੈ ਤਾਂ ਤੁਸੀਂ ਆਵਾਜ਼ ਨਹੀਂ ਚੁੱਕਦੇ, ਆਵਾਜ਼ ਬੁਲੰਦ ਕਰੋ। ਬਿਨਾਂ ਰੋਏ ਤਾਂ ਮਾਂ ਦੁੱਧ ਵੀ ਨਹੀਂ ਦਿੰਦੀ। ਜ਼ੇਕਰ ਸਮਾਜ਼ ਵਿੱਚ ਕੋਈ ਬਦਲਾਵ ਲਿਆਉਣਾ ਚਾਹੁੰਦੇ ਹੋ ਤਾਂ ਉਹ ਘਰ ਤੋਂ ਆਪਣੇ ਆਪ ਤੋਂ ਲਿਆਉਣਾ ਹੋਵੇਗਾ। ਗਲਤ ਨੂੰ ਗ਼ਲਤ ਅਤੇ ਸਹੀ ਨੂੰ ਸਹੀ ਕਹਿਣ ਦੀ ਜੁਰਅੱਤ ਰੱਖੋ।ਚੰਗੇ ਸਮਾਜ਼ ਦੇ ਨਿਰਮਾਣ ਲਈ ਆਪਣੇ ਅੰਦਰਲੇ ਰਾਵਣ ਨੂੰ ਵੀ ਜ਼ਰੂਰ ਮਾਰੋ,ਜੋ ਸਾਡੇ ਕੋਲੋਂ ਲਾਲਚ ਵਿੱਚ ਆ ਕੇ ਗ਼ਲਤ ਦਿਸ਼ਾ ਦਿਖਾਉਂਦਾ ਹੈ। ਮੇਰੀਆਂ ਗੱਲਾਂ ਯਾਦ ਰੱਖੀਂ ਅਤੇ ਹੋ ਸਕਦਾ ਤਾਂ ਹੋਰਾਂ ਨੂੰ ਵੀ ਜ਼ਰੂਰ ਦੱਸੀਂ, ਮੈਂ ਤੈਨੂੰ ਫ਼ੋਨ ਕੀਤਾ ਕਿਸੇ ਨੇ ਯਕੀਨ ਨਹੀਂ ਕਰਨਾ,ਯਕੀਨ ਕਰਨ ਨਾ ਕਰਨ ਕੀ ਮਤਲਬ, ਮੈਂ ਤਾਂ ਚੰਗਾ ਬਣਨ ਲਈ ਹੀ ਕਹਿੰਦਾ ਹਾਂ। ਹਾਂ ਜੀ। ਚੰਗਾ ਫ਼ਿਰ,ਤੇਰੀ ਨੀਂਦ ਖ਼ਰਾਬ ਕੀਤੀ ਉਸ ਲਈ ਖ਼ਿਮਾ ਦਾ ਜਾਚਕ ਹਾਂ ਪ੍ਰੰਤੂ ਜਦੋਂ ਤੁਸੀਂ ਇਸ ਵਾਰ ਦੁਸਹਿਰੇ ਤੇ ਮੇਰਾ ਪੁਤਲਾ ਬਣਾ ਕੇ ਸਾੜੋਗੇ ਤਾਂ ਆਪਣੇ ਅੰਦਰਲੇ ਰਾਵਣ ਵੀ ਜ਼ਰੂਰ ਸਾੜਨਾ,ਫਿਰ ਹੀ ਮੇਰੀ ਆਤਮਾ ਨੂੰ ਸ਼ਾਂਤੀ ਮਿਲੇਗੀ ਨਹੀਂ ਤਾਂ ਮੈਂ ਲਾਲਚੀ ਅਤੇ ਸਵਾਰਥੀ ਲੋਕਾਂ ਵਿੱਚ ਹਮੇਸ਼ਾ ਜਿਉਂਦਾ ਰਹਾਂਗਾ ।ਸਤਿ ਸ੍ਰੀ ਆਕਾਲ, ਮੈਂ ਰੱਖਦਾ ਫ਼ਿਰ ਫ਼ੋਨ,ਜੇ ਮਨ ਕੀਤਾ ਤਾਂ ਫ਼ਿਰ ਕਦੇ ਗੱਲ ਕਰ ਲਵਾਂਗਾ। ਹੈਲੋ,ਹੈਲੋ, ਹੈਲੋ ਪ੍ਰੰਤੂ ਅੱਗੋਂ ਕੋਈ ਜ਼ਵਾਬ ਨਹੀਂ ਮਿਲਿਆ।

ਵਰਲਡ ਪੰਜਾਬੀ ਟਾਈਮਜ਼
ਰਜਵਿੰਦਰ ਪਾਲ ਸ਼ਰਮਾ

## ਮਾਂ ਬੋਲੀ ਦਾ ਇਸ਼ਕ




ਆਓ ਇਸ਼ਕ ਮਾਂ ਬੋਲੀ ਪੰਜਾਬੀ ਦਾ ਹੱਡੀ ਰਚਾ ਲਈਏ
ਸ਼ਿਕਵੇ ਆਪਣਿਆਂ ਦੇ ਛੱਡ ਵੈਰੀ ਤੋਂ ਹੋਂਦ ਬਚਾ ਲਈਏ।

ਆਓ ਰਲ ਪੰਜਾਬ,ਪੰਜਾਬੀ ਤੇ ਪੰਜਾਬੀਅਤ ਦਾ ਦਮ ਭਰੀਏ
ਛੱਡ ਲੱਚਰਤਾ, ਸੱਭਿਆਚਾਰ ਦੇ ਵਸੇਵੇ ਲਈ ਕੰਮ ਕਰੀਏ।।

ਜਿਉਣਾਂ ਝੂਠ ਤੇ ਮਰਨਾ ਸੱਚ ਨੂੰ ਦਿੱਲੀਂ ਪੱਕੇ ਤੌਰ ਤੇ ਵਸਾਈਏ
ਦੁਨੀਆਂ ਤੋਂ ਰੁਖ਼ਸਤੀ ਤੋਂ ਪਹਿਲਾਂ ਮਾਂ ਬੋਲੀ ਦੀ ਸੇਵਾ ਕਮਾਈਏ।

ਆਪਸੀ ਫੁੱਟ ਨੂੰ ਵੇਖ ਨਿਰਭੈ ਹੋ ਚੜ੍ਹ ਕੇ ਆਉਣਗੇ ਵੈਰੀ
ਅਪਣਤ ਦੀ ਪੁੱਠ ਚਾੜ੍ਹ ਪਿੱਠ ਤੇ ਮਾਰਨਗੇ ਖੰਜਰ ਜ਼ਹਿਰੀ

ਆਪਣੇ ਰੋਸੇ,ਗਿਲੇ, ਝਗੜੇ ਤੇ ਝਮੇਲੇ ਕਰ ਦਿਓ ਅਣਡਿੱਠ
ਮਾਂ ਬੋਲੀ ਤੋਂ ਕਮਾ ਜ਼ੋ ਧ੍ਰੋਹ ਕਮਾਉਂਦੇ ਦੋਗਲੇ ਪਹਿਲਾਂ ਲਓ ਉਹ ਨਜਿੱਠ।

ਵਰਲਡ ਪੰਜਾਬੀ ਟਾਈਮਜ਼
ਸੁਰਿੰਦਰਪਾਲ ਸਿੰਘ

ਹੁਣ ਚੁੱਪ ਰਹਿ ਕੇ ਸ਼ਰੀਕਾਂ ਦੀ ਬੁੱਕਲ ਬਹਿ ਕੇ ਨਹੀਂ ਜੇ ਸਰਨਾ
ਇਸ਼ਕ ਮਜਾਜ਼ੀ ਤਿਆਗ ਇਸ਼ਕ ਹਕੀਕੀ ਲਈ ਕੱਚਿਆਂ ਤੇ ਪੈਣਾ ਤਰਨਾ।।

ਬੁੱਲੇ ,ਵਾਰਸ ,ਪੀਲੂ, ਦਮੋਦਰ ਵਾਂਗ ਮਾਂ ਬੋਲੀ ਦੇ ਬਣੋ ਰਾਖੇ
ਕਲਮਾਂ ਤੁਹਾਡੀਆਂ ਦੀ ਰੌਸ਼ਨੀਆਂ ਮੂਹਰੇ ਲੱਗਣ ਸ਼ਮਾਦਾਨ ਧੁਆਂਖੇ।

ਨਿਮਾਣਾ ਸੁਰਿੰਦਰ ਹੋਂਦ ਦੀ ਲੜ੍ਹਾਈ ਦਾ ਨਗਾਰਾ ਵਜਾ ਰਿਹਾ
ਮਾਂ ਬੋਲੀ ਦਾ ਪੁੱਤਰ ਹੋਣ ਦਾ ਸ਼ਬਦਾਂ ਰਾਹੀਂ ਫਰਜ ਨਿਭਾ ਰਿਹਾ।।

## ਗ਼ਜ਼ਲ

ਜੋ ਤੂੰ ਕੀਤਾ ਮੇਰੇ ਨਾਲ,
ਕਰ ਨ੍ਹੀ ਸਕਦਾ ਤੇਰੇ ਨਾਲ।

ਇਹ ਮੈਨੂੰ ਹੀ ਖਾ ਜਾਵੇ ਨਾ ,
ਤਾਂ ਹੀ ਲੜਦਾਂ ਨ੍ਹੇਰੇ ਨਾਲ।

ਪਹਿਲਾਂ ਕੱਲੇ ਤੁਰਨਾ ਪੈਂਦਾ,
ਫਿਰ ਰਲ ਜਾਣ ਬਥੇਰੇ ਨਾਲ।

ਯਾਰਾਂ ਛੱਡੀ ਕਸਰ ਕੋਈ ਨਾ,
ਸੱਟਾਂ ਜਰੀਆਂ ਜੇਰੇ ਨਾਲ।

ਬਾਬੇ ਨੇ ਅਕਲ ਆਪਣੀ ਨਾਲ,
ਲੋਕੀਂ ਜੋੜੇ ਡੇਰੇ ਨਾਲ।

ਰੌਣਕ ਆਈ ਮਾਂ ਦੇ ਮੂੰਹ ਤੇ ,
ਪੁੱਤ ਦੇ ਇੱਕੋ ਫੇਰੇ ਨਾਲ।

ਦਿਲ ਮਿਲਦਾ ਹੁੰਦਾ ਇਕ ਨਾਲ,
ਬੰਦੇ ਤੁਰਨ ਬਥੇਰੇ ਨਾਲ।

ਤੇਰੇ ਦਰ ਤੇ ਆਇਆ 'ਮਾਨ',
ਛੱਡ ਕੇ ਰੋਸਾ ਤੇਰੇ ਨਾਲ।

ਵਰਲਡ ਪੰਜਾਬੀ ਟਾਈਮਜ਼
ਮਹਿੰਦਰ ਸਿੰਘ ਮਾਨ